
WHITE CROW PUBLISHERS
ਸੰਸਦ ਤੋਂ ਸੜਕ ਤੱਕ
ਇਕ ਬੰਦਾ ਰੋਟੀ ਵੇਲਦਾ ਹੈ
ਇਕ ਬੰਦਾ ਰੋਟੀ ਖਾਂਦਾ ਹੈ
ਧੂਮਿਲ
ਪੰਜਾਬੀ ਅਨੁਵਾਦ:
ਕੰਵਰਜੀਤ ਸਿੰਘ ਸਿੱਧੂ

ਸੰਸਦ ਤੋਂ ਸੜਕ ਤੱਕ

ਧੂਮਿਲ

ਪੰਜਾਬੀ ਅਨੁਵਾਦ : ਕੰਵਰਜੀਤ ਸਿੰਘ ਸਿੱਧੂ

ਉਨ੍ਹਾਂ ਨੇ ਕਿਸੇ ਚੀਜ਼ ਨੂੰ

ਠੀਕ ਥਾਂ ਨਹੀਂ ਰਹਿਣ ਦਿੱਤਾ ਹੈ

ਨਾ ਨਾਂਵ

ਨਾ ਵਿਸ਼ੇਸ਼ਣ

ਨਾ ਪੜਨਾਂਵ

ਇਕ ਪੂਰਾ ਅਤੇ ਠੀਕ ਵਾਕ

ਟੁੱਟ ਕੇ

'ਖਿੰਡ' ਗਿਆ ਹੈ।

(ਪਟਕਥਾ)

ਸਮਰਪਣ

***

ਉਨ੍ਹਾਂ ਸੜਕਾਂ ਦੇ ਨਾਂਅ

ਜਿਹੜੀਆਂ ਸੰਸਦ ਤੱਕ ਨਹੀਂ ਜਾਂਦੀਆਂ

ਅਤੇ ਜਿਨ੍ਹਾਂ ਵੱਲ ਸੰਸਦ ਦੀ ਨਿਗ੍ਹਾ ਨਹੀਂ ਜਾਂਦੀ

ਇਕ ਬੰਦਾ

ਰੋਟੀ ਵੇਲਦਾ ਹੈ

ਇਕ ਬੰਦਾ ਰੋਟੀ ਖਾਂਦਾ ਹੈ

ਇਕ ਤੀਜਾ ਆਦਮੀ ਵੀ ਹੈ

ਜੋ ਨਾ ਰੋਟੀ ਵੇਲਦਾ ਹੈ, ਨਾ ਰੋਟੀ ਖਾਂਦਾ ਹੈ

ਉਹ ਸਿਰਫ਼ ਰੋਟੀ ਨਾਲ ਖੇਡਦਾ ਹੈ

ਮੈਂ ਪੁੱਛਦਾ ਹਾਂ…

“ਇਹ ਤੀਜਾ ਬੰਦਾ ਕੌਣ ਹੈ ?

ਮੇਰੇ ਦੇਸ ਦੀ ਸੰਸਦ ਮੌਨ ਹੈ।’

(ਰੋਟੀ ਅਤੇ ਸੰਸਦ)

ਤਤਕਰਾ

ਦੋ ਸ਼ਬਦ **7**

ਭੂਮਿਕਾ **14**

ਕਵਿਤਾ 19

ਵੀਹ ਸਾਲ ਬਾਅਦ 22

ਲੋਕਤੰਤਰ ਦੇ ਚੜ੍ਹਦੇ ਸੂਰਜ ਵਿਚ 26

ਕਾਲ ਦਰਸ਼ਨ 33

ਬਸੰਤ 41

ਇਕਾਂਤ ਕਥਾ 46

ਸ਼ਾਂਤੀ ਪਾਠ 50

ਉਸ ਤੀਵੀਂ ਦੇ ਨੇੜੇ ਲੇਟਦਿਆਂ 55

ਰਾਜਕਮਲ ਚੌਧਰੀ ਲਈ 60

ਮੋਚੀਰਾਮ 78

ਸ਼ਹਿਰ ਵਿਚ ਸੂਰਜ ਦਾ ਡੁੱਬਣਾ 90

ਬਾਲਗ ਸਿੱਖਿਆ 94

ਮਕਾਨ 103

ਇਕ ਬੰਦਾ 112

ਸ਼ਹਿਰ ਦਾ ਵਿਆਕਰਨ 117

ਪੱਤਝੜ 121

ਕਵੀ 1970 127

ਨਕਸਲਬਾੜੀ 138

ਕੁੱਤਾ 145

ਸ਼ਹਿਰ, ਸ਼ਾਮ ਅਤੇ ਇਕ ਬੁੱਢਾ : ਮੈਂ 150

ਸੱਚੀ ਗੱਲ 155

ਕਾਤਲ ਸੰਭਾਵਨਾਵਾਂ ਹੇਠਾਂ 158

ਜਾਇਜ਼ ਕਾਰਵਾਈ 166

ਭਾਸ਼ਾ ਦੀ ਰਾਤ 177

ਪਟਕਥਾ 202

ਅਨੁਵਾਦਕ ਬਾਰੇ 272

ਦੋ ਸ਼ਬਦ

ਹਿੰਦੀ ਕਵੀ ਧੂਮਿਲ ਦਾ ਪੂਰਾ ਨਾਮ ਸੁਦਾਮਾ ਪਾਂਡੇਯ ਧੂਮਿਲ ਸੀ। ਉਸ ਦਾ ਜਨਮ 9 ਨਵੰਬਰ 1936 ਈ. ਨੂੰ ਸੰਯੁਕਤ ਪ੍ਰਾਂਤ ਦੇ ਬਨਾਰਸ ਜ਼ਿਲ੍ਹੇ ਦੇ ਪਿੰਡ ਖੇਵਲੀ ਵਿਚ ਹੋਇਆ। ਉਹ ਮੁਕਤੀਬੋਧ ਨਾਲ ਵਿਦਰੋਹੀ ਕਵਿਤਾ ਦਾ ਅਹਿਮ ਹਸਤਾਖ਼ਰ ਸੀ। ਉਸਨੂੰ ਹਿੰਦੀ ਕਵਿਤਾ ਦਾ ਗੁਸੈਲਾ ਨੌਜਵਾਨ (ਐਂਗਰੀ ਯੰਗਮੈਨ) ਮੰਨਿਆ ਜਾਂਦਾ ਹੈ। ਸਾਰੀ ਉਮਰ ਪਿੰਡ ਵਿਚ ਗੁਜ਼ਾਰਨ ਵਾਲੇ ਧੂਮਿਲ ਏਨੇ ਸਾਦਾ ਰਹਿਣੀ ਬਹਿਣੀ ਵਾਲੇ ਸਨ ਕਿ ਉਨ੍ਹਾਂ ਦੇ ਪਰਿਵਾਰ ਦੇ ਲੋਕਾਂ ਨੂੰ ਉਨ੍ਹਾਂ ਦੇ ਵੱਡਾ ਕਵੀ ਹੋਣ ਦਾ ਇਲਮ ਉਦੋਂ ਹੋਇਆ ਜਦੋਂ ਰੇਡੀਓ 'ਤੇ ਉਨ੍ਹਾਂ ਦੀ ਮੌਤ ਦੀ ਖ਼ਬਰ ਆਈ। 10 ਫ਼ਰਵਰੀ, 1975 ਨੂੰ 38 ਸਾਲ ਦੀ ਭਰ ਜਵਾਨ ਉਮਰ ਵਿਚ ਉਨ੍ਹਾਂ ਦੀ ਬਰੇਨ ਟਿਊਮਰ ਕਾਰਨ ਮ੍ਰਿਤੂ ਹੋਈ।

ਧੂਮਿਲ ਦੇ ਜਿਉਂਦੇ ਜੀਅ ਉਨ੍ਹਾਂ ਦੀ ਇੱਕੋ-ਇਕ ਕਾਵਿ ਕਿਤਾਬ 'ਸੰਸਦ ਸੇ ਸੜਕ ਤੱਕ' 1972 ਵਿਚ ਛਪੀ। ਮਰਨ ਉਪਰੰਤ 1975 ਵਿਚ ਉਨ੍ਹਾਂ ਦੀ ਦੂਜੀ ਕਿਤਾਬ 'ਕਲ ਸੁਨਨਾ ਮੁਝੇ' ਪ੍ਰਕਾਸ਼ਿਤ ਹੋਈ ਜਿਸ ਨੂੰ ਵਕਾਰੀ ਸਾਹਿਤ ਅਕਾਦਮੀ ਸਨਮਾਨ 1979 ਵਿਚ ਮਿਲਿਆ। ਇਸ ਪਿੱਛੋਂ ਉਨ੍ਹਾਂ ਦੇ ਪੁੱਤਰ ਰਤਨਸ਼ੰਕਰ ਪਾਂਡੇਯ ਨੇ 1983 ਵਿਚ ਉਨ੍ਹਾਂ ਦੀ ਤੀਸਰੀ ਕਿਤਾਬ 'ਸੁਦਾਮਾ ਪਾੜੇ ਕਾ ਪਰਜਾਤੰਤਰ' ਛਪਵਾਈ। 2021 ਵਿਚ 'ਧੂਮਿਲ ਸਮਗਰ' ਵਜੋਂ ਉਨ੍ਹਾਂ ਦੀ ਸਮੁੱਚੀ ਰਚਨਾਵਲੀ ਨੂੰ 3 ਜਿਲਦਾਂ ਵਿਚ ਛਾਪਿਆ ਗਿਆ ਹੈ।

ਐਨ ਸੀ ਈ ਆਰ ਟੀ ਦੀ ਹਿੰਦੀ ਕਿਤਾਬ ਵਿਚ ਸ਼ਾਮਿਲ ਉਨ੍ਹਾਂ ਦੀ ਕਵਿਤਾ 'ਮੋਚੀਰਾਮ' 'ਤੇ 2006 ਵਿਚ ਸੱਤਾਧਾਰੀ ਪਾਰਟੀ ਵਲੋਂ ਇਤਰਾਜ਼ ਕੀਤਾ ਗਿਆ, ਜਿਸ ਕਾਰਨ ਇਸ ਨੂੰ ਬਦਲ ਕੇ 'ਘਰ ਮੇਂ ਵਾਪਸੀ' ਕਵਿਤਾ ਸ਼ਾਮਿਲ ਕਰ ਦਿੱਤੀ ਗਈ।

ਧੂਮਿਲ ਆਪਣੀ ਕਵਿਤਾ ਵਿਚ ਵਾਰ ਵਾਰ ਕਵੀ ਦੇ ਕਰਮ ਨੂੰ ਪਰਿਭਾਸ਼ਤ ਕਰਦਿਆਂ ਲਿਖਦੇ ਹਨ :

"ਇਕ ਸਹੀ ਕਵਿਤਾ

ਪਹਿਲਾਂ

ਇਕ ਸਾਰਥਿਕ ਟਿੱਪਣੀ ਹੁੰਦੀ ਹੈ

***

'ਕਵਿਤਾ-

ਸ਼ਬਦਾਂ ਦੀ ਅਦਾਲਤ ਵਿਚ

ਮੁਜ਼ਰਿਮ ਦੇ ਕਟਹਿਰੇ ਵਿਚ ਖੜੇ ਬੇਕਸੂਰ ਬੰਦੇ ਦਾ

ਹਲਫ਼ਨਾਮਾ ਹੈ।

(ਜਾਇਜ਼ ਕਾਰਵਾਈ)

'ਕਵਿਤਾ ਭਾਸ਼ਾ ਵਿਚ

ਆਦਮੀ ਹੋਣ ਦੀ ਤਮੀਜ਼ ਹੈ।

(ਜਾਇਜ਼ ਕਾਰਵਾਈ)

ਆਪਣੀ ਇਸ ਸਵਾ ਕੁ ਸੌ ਸਫ਼ਿਆਂ ਦੀ ਕਿਤਾਬ ਵਿਚ ਧੂਮਿਲ ਜ਼ਿੰਦਗੀ ਦੇ ਸਾਰੇ ਬੁਨਿਆਦੀ ਮਸਲਿਆਂ ਨੂੰ ਮੁਖ਼ਾਤਬ ਹੁੰਦੇ ਹਨ। ਅੱਧੀ ਸਦੀ ਪਹਿਲਾਂ ਪ੍ਰਕਾਸ਼ਤ ਹੋਈਆਂ ਇਹਨਾਂ ਕਵਿਤਾਵਾਂ ਦੀ ਸਾਰਥਿਕਤਾ ਅੱਜ ਉਸ ਸਮੇਂ ਨਾਲੋਂ ਵੀ ਵਧੇਰੇ ਹੈ, ਕਿਉਂਕਿ ਉਨ੍ਹਾਂ ਸਮਿਆਂ ਵਿਚ ਦਰਪੇਸ਼ ਸਮੱਸਿਆਵਾਂ ਅੱਜ ਹੋਰ ਵੱਡਾ ਵਿਕਰਾਲ ਰੂਪ ਧਾਰਨ ਕਰ ਗਈਆਂ ਹਨ।

ਉਨ੍ਹਾਂ ਦੇ ਸ਼ਬਦਾਂ ਦੀ ਧਾਰ ਸਮੁੱਚੀ ਰਚਨਾ ਵਿਚ ਇੰਜ ਹੀ ਤਿੱਖੀ ਰਹਿੰਦੀ ਹੈ ਜਿਸਦਾ ਪ੍ਰਮਾਣ ਉਨ੍ਹਾਂ ਦੀ ਪ੍ਰਕਾਸ਼ਤ ਆਖ਼ਰੀ ਕਵਿਤਾ 'ਲੋਹੇ ਦਾ ਸਵਾਦ' ਹੈ।

ਸ਼ਬਦ ਕਿਸ ਤਰ੍ਹਾਂ

ਕਵਿਤਾ ਬਣਦੇ ਹਨ

ਇਸਨੂੰ ਦੇਖੋ

ਅੱਖਰਾਂ ਵਿਚਾਲੇ ਕਿਰੇ ਹੋਏ

ਬੰਦੇ ਨੂੰ ਪੜ੍ਹੋ

ਕੀ ਤੁਸੀਂ ਸੁਣਿਆ ਕਿ ਇਹ

ਲੋਹੇ ਦੀ ਆਵਾਜ਼ ਹੈ ਜਾਂ

ਮਿੱਟੀ ਵਿਚ ਡੁੱਲ੍ਹੇ ਹੋਏ ਲਹੂ ਦਾ ਰੰਗ

ਲੋਹੇ ਦਾ ਸਵਾਦ

ਲੁਹਾਰ ਤੋਂ ਨਾ ਪੁੱਛੋ

ਉਸ ਘੋੜੇ ਤੋਂ ਪੁੱਛੋ

ਜਿਸਦੇ ਮੂੰਹ ਵਿਚ ਲਗਾਮ ਹੈ।

(ਕੱਲ੍ਹ ਸੁਣਨਾ ਮੁਝੇ (1977))

ਉਹ ਆਪਣੀ ਸਮੁੱਚੀ ਰਚਨਾ ਵਿਚ ਪਰਿਭਾਸ਼ਕ ਸੁਰ ਵਿਚ ਗੱਲ ਹਨ। ਉਹ ਆਪਣੇ ਸਮਿਆਂ ਦੀ ਹਰੇਕ ਧਾਰਨਾ ਨੂੰ ਉਹ ਉਲਟੇ ਰੁਖ ਕਰਦੇ ਹੋਏ ਉਸਦੇ ਲੋਕ ਮੁਖੀ ਪਰਿਭਾਸ਼ਾ ਸਿਰਜਦਿਆਂ ਹੋਇਆਂ ਤਬਦੀਲੀ ਦਾ ਸੁਨੇਹਾ ਪ੍ਰਸਾਰਤ ਕਰਦੇ ਹਨ। ਇਸ ਬਾਰੇ ਉਨ੍ਹਾਂ ਦੀ ਇਸ ਅਪ੍ਰਕਾਸ਼ਤ ਕਵਿਤਾ ਨੂੰ ਦੇਖਿਆ ਜਾ ਸਕਦਾ ਹੈ :

‘ਇਕ ਖੁੱਲ੍ਹੀ ਹੋਈ ਕਿਤਾਬ

ਜੋ ਹਰ ਸਮਝਦਾਰ-

ਅਤੇ ਮੂਰਖ ਦੇ ਹੱਥ ਦੇ ਦਿੱਤੀ ਗਈ

ਕੁਝ ਉਸਨੂੰ ਪੜ੍ਹਦੇ ਹਨ

ਕੁਝ ਉਸਦੇ ਚਿੱਤਰ ਦੇਖ

ਉਲਟ-ਪੁਲਟ ਰੱਖ ਦਿੰਦੇ

ਹੇਠਾਂ ਸ਼ੋਅ ਕੇਸ ਦੇ।

(ਗ਼ਰੀਬੀ)

ਕੋਵਿਡ ਦੇ ਸੰਕਟ ਸਮੇਂ ਇਸ ਕਿਤਾਬ ਨੂੰ ਸਿਰਫ਼ ਸ਼ੌਂਕ ਵਜੋਂ ਹੀ ਅਨੁਵਾਦ ਕੀਤਾ ਗਿਆ ਸੀ, ਪਰ ਅਚਾਨਕ ਧੂਮਿਲ ਜੀ ਦੇ ਸਪੁੱਤਰ ਸ੍ਰੀ ਰਤਨਸ਼ੰਕਰ ਪਾਂਡੇਯ ਜੀ ਨਾਲ ਸੰਪਰਕ ਸਥਾਪਤ ਹੋ ਜਾਣ ਅਤੇ ਉਨ੍ਹਾਂ ਵੱਲੋਂ ਇਸ ਬਾਰੇ ਉਤਸ਼ਾਹ ਪ੍ਰਗਟਾਉਣ ਕਾਰਨ ਇਸ ਕਿਤਾਬ ਦਾ ਛਪਣਾ ਸੰਭਵ ਹੋ ਸਕਿਆ ਹੈ। ਉਨ੍ਹਾਂ ਵੱਲੋਂ ਇਸ ਅਨੁਵਾਦ ਕਾਰਜ ਲਈ ਭੂਮਿਕਾ ਲਿਖ ਭੇਜਣ ਲਈ ਅਸੀਂ ਦਿਲੋਂ ਰਿਣੀ ਹਾਂ। ਵਾਈਟ ਕਰੋਅ ਪ੍ਰਕਾਸ਼ਨ ਵੱਲੋਂ ਇਸ ਕਿਤਾਬ ਨੂੰ ਛਾਪਣ ਲਈ ਦਿਖਾਈ ਗਈ ਤਤਪਰਤਾ ਲਈ ਅਸੀਂ ਤਹਿ ਦਿਲੋਂ ਧੰਨਵਾਦੀ ਹਾਂ।

–ਕੰਵਰਜੀਤ ਸਿੰਘ ਸਿੱਧੂ